**ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ**
**(ਰਜਿ.ਆਫਿਸ,ਪੀ ਐਸ ਈ ਬੀ, ਹੈਡ ਆਫਿਸ ਦੀ ਮਾਲ,ਪਟਿਆਲਾ)**
**ਦਫਤਰ ਵਿਤ ਸਲਾਹਕਾਰ(ਬਜਟ ਭਾਗ)**

ਵੱਲ

1. ਸਾਰੇ ਇੰਜੀ-ਇੰਨਚੀਫ/ਮੁੱਖ ਇੰਜੀਨੀਅਰ, (ਸਮੇਤ ਹਾਈਡਲ (ਵਰਕਸ ਅਤੇ ਅਮਲਾ ਸ਼ਾਖਾ), ਪੰ:ਸ:ਪਾ:ਕਾ:ਲਿਮ;
2. ਮੁੱਖ ਇੰਜੀਨੀਅਰ/ਯੋਜਨਾ, ਸਿੰਚਾਈ ਵਿਭਾਗ, ਪੰਜਾਬ ਹਾਈਡਲ ਭਵਨ, ਸੈਕਟਰ-18, ਚੰਡੀਗੜ੍ਹ।
3. ਮੁੱਖ ਇੰਜੀਨੀਅਰ/ਐਚ ਆਰ ਡੀ/ਗਜ਼ਟੀ ਭਾਗ, ਪੰ.ਸ.ਪਾ.ਕਾ.ਲਿ,ਪਟਿਆਲਾ।
4. ਮੁੱਖ ਪ੍ਰਬੰਧਕੀ ਅਗਜ਼ਟੀ ਭਾਗ/ਜਨਰਲ ਭਾਗ, ਪੰ.ਸ.ਪਾ.ਕਾ.ਲਿ, ਪਟਿਆਲਾ।
5. ਡੀ ਜੀ ਪੀ/ਵੀ ਤੇ ਐਸ, ਪੰ.ਸ.ਪਾ.ਕਾ.ਲਿ,ਪਟਿਆਲਾ।
6. ਮੁੱਖ ਪੜਤਾਲਕਾਰ/ਅਮਲਾ ਭਾਗ ਪੰ.ਸ.ਪਾ.ਕਾ.ਲਿ,ਪਟਿਆਲਾ।
7. ਮੁੱਖ ਲੇਖਾ ਅਫਸਰ/ਅਮਲਾ ਭਾਗ ਪੰ.ਸ.ਪਾ.ਕਾ.ਲਿ,ਪਟਿਆਲਾ।
8. ਮੁੱਖ ਇੰਜੀਨੀਅਰ/ਆਈ.ਟੀ. ਪੰ.ਸ.ਪਾ.ਕਾ.ਲਿ, ਪਟਿਆਲਾ।

ਮੀਮੋ ਨੰ: 2316/2346 /ਐਨ.ਡਬਲਿਯੂ.ਬੀ-4/2014-..
ਮਿਤੀ: 14/11/13

ਵਿਸ਼ਾ:- ਮਾਲੀਆ ਅਤੇ ਪੂੰਜੀਗਤ ਮੱਦ ਅਧੀਨ ਸਾਲ 2014-2015(ਬਜਟ ਅਨੁਮਾਨ) ਅਤੇ 2013-2014 (ਸੋਧੇ ਅਨੁਮਾਨ) ਬਨਾਉਣ ਦੇ ਸਬੰਧ ਵਿਚ ਬਜਟ ਤਜਵੀਜ਼ਾਂ ਭੇਜਣ ਬਾਰੇ।

ਹਵਾਲਾ: ਇਸ ਦਫ਼ਤਰ ਦਾ ਮੀਮੋ ਨੰ:1762/1800/ਐਨ.ਡਬਲਿਯੂ.ਬੀ-4/2014-15 ਮਿਤੀ 24.9.2013 ਅਤੇ ਨੰ:2047/2084/ ਐਨ.ਡਬਲਿਯੂ.ਬੀ-4/2014-15 ਮਿਤੀ 25.10.2013.

ਇਸ ਸਬੰਧ ਵਿਚ ਲਿਖਿਆ ਜਾਂਦਾ ਹੈ ਕਿ ਹਵਾਲੇ ਅਧੀਨ ਪੱਤਰਾਂ ਰਾਹੀ ਵਿਸ਼ੇ ਅਧੀਨ ਬਜਟ ਤਜਵੀਜਾਂ ਮਿਤੀ 15.11.2013 ਤੱਕ ਇਸ ਦਫ਼ਤਰ ਨੂੰ ਭੇਜਣ ਲਈ ਬੇਨਤੀ ਕੀਤੀ ਗਈ ਸੀ, ਜੋ ਅਜੇ ਤੱਕ ਇਸ ਦਫ਼ਤਰ ਵਿਚ ਪ੍ਰਾਪਤ ਨਹੀ ਹੋਈਆਂ।

ਇਹ ਬਜਟ ਤਜਵੀਜਾਂ ਤਿਆਰ ਕਰਨ ਦਾ ਕੰਮ ਸਮਾਂ ਬੱਧ ਕਿਸਮ ਦਾ ਹੈ ਅਤੇ ਨਿਰਧਾਰਤ ਪ੍ਰੋਗਰਾਮ ਅਨੁਸਾਰ ਇਸ ਦਫ਼ਤਰ ਵਲੋ ਇਨਾਂ ਨੂੰ ਮੈਮੋਰੰਡਮ ਦੇ ਰੂਪ ਵਿਚ ਬੋਰਡ ਆਫ਼ ਡਾਇਰੈਕਟਰਜ਼ ਦੀ ਮੀਟਿੰਗ ਵਿਚ ਪੇਸ਼ ਕਰਨਾ ਹੁੰਦਾ ਹੈ। ਇਸ ਲਈ ਇਸ ਦਫ਼ਤਰ ਨੂੰ ਸਹੀ ਅਨੁਮਾਨ ਦੇ ਯੋਗ ਬਣਾਉਣ ਲਈ ਮੁਕੰਮਲ ਬਜਟ ਤਜਵੀਜਾਂ ਸਮੇ ਸਿਰ ਭੇਜਣੀਆਂ ਅਤਿ ਜ਼ਰੂਰੀ ਹਨ। ਲੋੜੀਦੇ ਪ੍ਰੋਫਾਰਮੇ ਪਾਵਰਕਾਮ ਦੀ ਵੈਬਸਾਈਟ ਤੇ ਪਹਿਲਾਂ ਹੀ ਅਪਲੋਡ ਕੀਤੇ ਹੋਏ ਹਨ ਜੋ ਹੇਠ ਲਿਖਿਆ ਪ੍ਰੋਗਰਾਮ ਅਪਨਾਉਣ ਤੇ ਡਾਊਨਲੋਡ ਕਰ ਲਏ ਜਾਣ ਜੀ:-

**Information Centre > Office orders and circulars > Financial Advisor**

ਇਸ ਲਈ ਆਪ ਜੀ ਨੂੰ ਫਿਰ ਬੇਨਤੀ ਕੀਤੀ ਜਾਂਦੀ ਹੈ ਕਿ ਵਿਸ਼ੇ ਅਧੀਨ ਬਜਟ ਤਜਵੀਜਾਂ (ਡੀ.ਡੀ.ਓ., ਸਰਕਲ, ਐਚ.ਓ.ਡੀ ਵਾਇਜ਼) ਮਿਤੀ 28.11.2013 ਤੱਕ ਹਰ ਹਾਲਤ ਵਿਚ ਸਬੰਧਤ ਕਰਮਚਾਰੀ ਰਾਹੀ ਇਸ ਦਫ਼ਤਰ ਨੂੰ ਭਿਜਵਾਉਣ ਦੀ ਖੇਚਲ ਕੀਤੀ ਜਾਵੇ ਤਾਂ ਜੋ ਸਮੇ ਸਿਰ ਬੋਰਡ ਆਫ ਡਾਇਰੈਕਟਰਜ਼ ਦੀ ਮੀਟਿੰਗ ਵਿਚ ਪੇਸ਼ ਕੀਤੀਆਂ ਜਾ ਸਕਣ ਜੀ।

ਸਹੀ -

ਉਪ ਵਿੱਤ ਸਲਾਹਕਾਰ/ਬ੍ਰਾਂਡਜ਼,
ਪੰ.ਸ.ਪਾ.ਕਾ.ਲਿ,ਪਟਿਆਲਾ।

ਪਿੱਠ ਅੰਕਣ ਨੰ: 2347/2446 /ਐਨ.ਡਬਲਿਯੂ ਬੀ-4/2014-15 ਮਿਤੀ: 14/11/13.

ਉਪਰੋਕਤ ਦਾ ਉਤਾਰਾ ਸਾਰੇ ਨਿਗਰਾਨ ਇੰਜੀਨੀਅਰਜ਼, ਪੰ.ਸ.ਪਾ.ਕਾ.ਲਿ. (ਸਮੇਤ ਹਾਈਡਲ ਪ੍ਰਸਾਸ਼ਨ) ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਸਾਲ 2013-14 (ਸੋਧੇ ਅਨੁਮਾਨ ) ਅਤੇ 2014-15 (ਬਜਟ ਅਨੁਮਾਨ) ਹਰ ਸਕੀਮ/ਪ੍ਰੋਜੈਕਟ ਲਈ (ਡੀ.ਡੀ.ਓ. ਅਤੇ ਸਰਕਲ ਵਾਇਜ) ਵੱਖ ਵੱਖ ਆਪਣੇ ਮੁੱਖ ਇੰਜੀਨੀਅਰ ਨੂੰ ਸਮੇ ਸਿਰ ਭੇਜਣ ਜੀ।

ਉਪ ਵਿੱਤ ਸਲਾਹਕਾਰ/ਬ੍ਰਾਂਡਜ਼,
ਪੰ.ਸ.ਪਾ.ਕਾ.ਲਿ,ਪਟਿਆਲਾ।